**Scholarly Research Journal for Interdisciplinary Studies**
*Online ISSN 2278-8808, SJIF 2016 = 6.177, www.srjis.com*
*UGC Approved Sr. No.49366, JAN–FEB, 2018, VOL- 5/43*

# ਮੁਹੱਬਤੀ ਬੋਲਾਂ ਨਾਲ ਸਰਸ਼ਾਰ : ਸੁਰਿੰਦਰ ਸਿੱਦਕ ਰਚਿਤ 'ਰੂਹ ਦੀ ਗਾਨੀ'

***ਡਾ : ਹਰਿੰਦਰਜੀਤ ਸਿੰਘ ਕਲੇਰ***

*ਸਹਾਇਕ ਪ੍ਰੋਫੈਸਰ*

*ਮਾਲਵਾ ਕਾਲਜ, ਬੌਂਦਲੀ-ਸਮਰਾਲਾ*

ਗ਼ਜ਼ਲ ਸਿਨਫ਼ ਨੇ ਪੰਜਾਬੀ ਫ਼ਨਕਾਰਾਂ ਦੇ ਹੱਥਾਂ ਵਿੱਚ ਬਹੁਤ ਵਿਕਾਸ ਕੀਤਾ ਹੈ। ਇਸ ਖੇਤਰ ਵਿੱਚ ਔਰਤ ਲੇਖਿਕਾਵਾਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸੇ ਸ਼੍ਰੇਣੀ ਵਿੱਚ ਪ੍ਰਵਾਸੀ ਸ਼ਾਇਰਾ ਸੁਰਿੰਦਰ ਸਿਦਕ ਅਜਿਹਾ ਉਲੇਖਯੋਗ ਨਾਂ ਹੈ, ਜਿਸ ਨੇ ਆਪਣੀਆਂ ਸੰਵੇਦਨਾਵਾਂ ਇਸ ਰੂਪਾਕਾਰ ਰਾਹੀਂ ਬਹੁਤ ਹੀ ਸਹਿਜ ਭਾਵ ਨਾਲ ਬਿਆਨ ਕੀਤੀਆਂ ਹਨ। ਭਾਵੇਂ ਸਿਦਕ ਨੇ ਗ਼ਜ਼ਲ ਨਾਲ ਬਰ ਮੇਚਦਿਆਂ ਥੋੜਾ ਹੀ ਲਿਖਿਆ, ਪਰ ਗੁਣਾਤਮਕ ਪੱਖੋਂ ਆਲੋਚਕਾਂ ਦੀ ਕਸਵੱਟੀ ਪੂਰਦਾ ਹੈ।ਪਾਤਰ ਵਰਗੇ ਸ਼ਾਇਰ ਦੀ ਮੁੱਲਵਾਨ ਟਿੱਪਣੀ ਇਸ ਗੱਲ ਦੀ ਗਵਾਹ ਹੈ। ਸਿਦਕ ਦੀ ਗ਼ਜ਼ਲ ਅੰਦਰ ਪੁਖਤਗੀ ਹੈ।ਕਾਫ਼ੀਆ, ਰਦੀਫ਼, ਛੰਦ, ਬਹਿਰ ਹਰ ਪੱਖ ਤੋਂ ਉਸ ਨੇ ਗ਼ਜ਼ਲ ਨਾਲ ਇਨਸਾਫ ਕੀਤਾ ਹੈ।'ਰੂਹ ਦੀ ਗਾਨੀ' ਟਾਵੇਂ ਟਾਵੇਂ ਸ਼ਿਅਰ ਛੱਡ ਕੇ ਇਹ ਕਿਹਾ ਜਾ ਸਕਦਾ ਹੈ ਕਿ ਉਸ ਦੇ ਸ਼ਿਅਰਾਂ ਵਿਚਲੇ ਕੋਈ ਅੰਦਰ ਨਾ ਬਹਿਰ ਦੀ ਊਣਤਾਈ ਹੈ ਨਾ ਵਿਚਾਰਾਂ ਦੀ ਕਚਿਆਈ ਹੈ ਅਤੇ ਨਾ ਹੀ ਜੁਬਾਨਦਾਰੀ ਪੱਖੋਂ ਕੋਈ ਹੋਰ ਕਮੀਂ ਹੈ। ਸਿਦਕ ਦੀ ਗ਼ਜ਼ਲ ਬਹਿਰ, ਕਾਫ਼ੀਆ, ਰਦੀਫ਼, ਮੀਟਰ ਸਾਰੀਆਂ ਤਕਨੀਕੀ ਗ਼ਜ਼ਲ ਕਾਵਿ ਕਸਵੱਟੀਆਂ ਉੱਪਰ ਖਰੀ ਉੱਤਰਦੀ ਹੈ। ਇਹਨਾਂ ਗੁਣਾਂ ਸਕਦਾ ਸਿਦਕ ਪੰਜਾਬੀ ਦੇ ਸਮਰੱਥ ਗ਼ਜ਼ਲ ਸ਼ਾਇਰਾਂ ਦੀ ਕਤਾਰ ਵਿੱਚ ਆ ਖਲੋਈ ਹੈ। ਮਹੀਨ ਦ੍ਰਿਸ਼ਟੀ ਤੋਂ ਵਾਚਦਿਆਂ ਸਿਦਕ ਦੇ ਗ਼ਜ਼ਲ ਵਿਧਾਨ ਸੰਬੰਧੀ ਇੰਜ ਚਰਚਾ ਕੀਤੀ ਜਾ ਸਕਦੀ ਹੈ।

ਗ਼ਜ਼ਲ ਇੱਕ ਲੋਕਪ੍ਰਿਅ ਕਾਵਿ ਰੂਪ ਹੈ।ਗ਼ਜ਼ਲ ਦਾ ਨਿਕਾਸ 'ਕਸੀਦਾ' ਕਾਵਿ ਰੂਪ ਵਿੱਚੋਂ ਹੋਇਆਂ ਹੈ।ਕਸੀਦਾ ਲੋਕ ਨਾਇਕਾਂ ਦੀ ਪ੍ਰਸ਼ੰਸ਼ਾ ਦੇ ਰੂਪ ਵਿੱਚ ਗਾਇਆ ਜਾਂਦਾ ਸੀ। ਇਸ ਤਰ੍ਹਾਂ ਕਸੀਦਾ ਦੇ ਪ੍ਰਮੁੱਖ ਅੰਗ ਤਸ਼ਬੀਬ, ਗੁਰੇਜ਼ ਅਤੇ ਮਨੋਰਥ ਆਦਿ ਮੰਨੇ ਜਾਂਦੇ ਹਨ। ਵਿਦਵਾਨ ਕਸੀਦੇ ਦੇ ਜਿਸ ਹਿੱਸੇ ਨੂੰ ਤਸ਼ਬੀਬ ਕਹਿੰਦੇ ਹਨ, ਉਸ ਵਿੱਚੋਂ ਗ਼ਜ਼ਲ ਦਾ ਜਨਮ ਹੋਇਆ। ਗ਼ਜ਼ਲ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਔਰਤਾਂ ਨਾਲ ਹੁਸਨ ਇਸ਼ਕ ਦੇ ਹਾਵਾਂ-ਭਾਵਾਂ ਦਾ ਪ੍ਰਗਟਾਵਾ ਕਰਨਾ ਮੰਨੇ ਜਾਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗਜ਼ਲ ਦਾ ਅਰਥ ਹੈ, "ਇਸਤਰੀ ਨਾਲ ਵਾਰਤਲਾਪ ਭਾਵ ਪ੍ਰੇਮ ਪੂਰਤ ਕਾਵਯਾ।"[1] ਪੰਜਾਬੀ ਗ਼ਜ਼ਲ ਨੂੰ ਸ਼ਾਹ ਮੁਰਾਦ, ਮੁਹੰਮਦ ਬਖ਼ਸ਼ ਕਿਸ਼ਨ ਸਿੰਘ ਆਰਿਫ਼, ਮੌਲਾ ਬਖ਼ਸ਼ ਕੁਸ਼ਤਾ, ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਫਿਰੋਜਦੀਨ ਸ਼ਰਫ਼ ਆਦਿ ਨੇ ਨਿਖਾਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ। ਅਗਲੀ ਪੀੜ੍ਹੀ ਵਿੱਚ ਜਗਤਾਰ, ਸੁਰਜੀਤ ਪਾਤਰ, ਵਿਜੇ ਵਿਵੇਕ ਅਤੇ ਗੁਰਤੇਜ ਕੁਹਾਰਵਾਲਾ ਆਦਿ ਅਜਿਹੇ ਹਸਤਾਖਰ ਹਨ ਜਿਨ੍ਹਾਂ ਪੰਜਾਬੀ ਗ਼ਜ਼ਲ ਦੀ ਪਹਿਚਾਣ ਅੰਤਰਰਾਸ਼ਟਰੀ ਪੱਧਰ ਤੇ ਕਰਵਾਈ। ਇਸ ਸਾਹਿਤ ਰੂਪ ਨੂੰ ਕਵਿਤਰੀਆਂ ਨੇ ਵੀ ਬਣਦਾਖ਼ਸਰਦਾ ਯੋਗਦਾਨ ਪਾ ਕੇ ਗੌਲਣਯੋਗ ਬਣਾਇਆ।ਪ੍ਰਵਾਸੀ ਗ਼ਜ਼ਲ ਸੁਰਿੰਦਰ ਸਿਦਕ ਉਹ ਚਰਚਿਤ ਨਾਮ ਹੈ, ਜਿਸ ਨੇ ਆਪਣੀਆਂ ਗ਼ਜ਼ਲਾਂ ਦੁਆਰਾ ਆਲੋਚਕਾਂ ਅਤੇ ਪਾਠਕਾਂ ਦਾ ਧਿਆਨ ਖਿੱਚਿਆ ਹੈ।ਕੇਵਲ ਇੱਕ ਸੰਯੁਕਤ ਅਤੇ ਇੱਕ ਨਿੱਜੀ ਗ਼ਜ਼ਲ ਸੰਗ੍ਰਹਿ 'ਰੂਹ ਦੀ ਗਾਨੀ' ਅੰਦਰਲੀ ਪੁਖਤਗੀ ਨੂੰ ਵਾਚ ਕੇ ਵੱਡੇ ਵੱਡੇ ਸਮੀਖਿਅਕ ਹੈਰਾਨ ਹੋ ਜਾਂਦੇ ਹਨ।

*Copyright © 2017, Scholarly Research Journal for Interdisciplinary Studies*

ਵਿਚਾਰ ਅਧੀਨ ਗ਼ਜ਼ਲ ਸੰਗ੍ਰਹਿ 'ਰੂਹ ਦੀ ਗਾਨੀ' ਵਿੱਚ ਜ਼ਿੰਦਗੀ ਦੇ ਹਰ ਪਹਿਲੂ ਨੂੰ ਪ੍ਰਤੀਬਿੰਬਤ ਕੀਤਾ ਗਿਆ ਹੈ। ਪਰ ਪ੍ਰੇਮ ਭਾਵਾਂ ਦੀ ਤਰਜ਼ਮਾਨੀ ਕਰਦੀ ਸਿਦਕ ਦੀ ਗ਼ਜ਼ਲ ਦਾ ਜਲੌਅ ਵੇਖਿਆਂ ਹੀ ਬਣਦਾ ਹੈ। ਮਨੁੱਖੀ ਵਿਵਹਾਰ ਅੰਦਰ ਆਈ ਗਿਰਾਵਟ ਸਦਕਾ ਸੰਵੇਦਨਾਵਾਂ ਦਾ ਸੌਂ ਜਾਣਾ ਮਾਨਵੀ ਸਭਿਅਤਾ ਲਈ ਘਾਤਕ ਹੈ। ਸ਼ਾਇਰਾ ਇਸ ਪਵਿੱਤਰ ਮਨੁੱਖੀ ਜ਼ਜ਼ਬੇ ਨੂੰ ਪ੍ਰਣਾਈ ਹੋਈ ਹੈ। ਉਹ ਆਪਣੇ ਮਹਿਬੂਬ ਤੋਂ ਉਸੇ ਤਰ੍ਹਾਂ ਦਾ ਹੁੰਗਾਰਾ ਚਾਹੁੰਦੀ ਹੈ ਜਿਸ ਤਰ੍ਹਾਂ ਉਹ ਖੁਦ ਤਨੋਂ ਮਨੋਂ ਸਮਰਪਿਤ ਪ੍ਰੇਮ ਮੂਰਤ ਹੈ। ਸ਼ਾਇਰਾ ਦੀ ਨਜ਼ਰ ਵਿੱਚ ਮੁਹੱਬਤ ਇੱਕ ਅਰਾਧਨਾ ਹੈ। ਬਿਰਹੋਂ ਕੁੱਠੀ ਰੂਹ ਦੀ ਤੜਪ 'ਚੋਂ ਉੱਠੇ ਬੋਲਾਂ ਵਿੱਚੋਂ ਮੱਧਕਾਲੀ ਕਾਵਿ ਵਰਗੀ ਮਹਿਕ ਮਹਿਸੂਸ ਕੀਤੀ ਜਾ ਸਕਦੀ ਹੈ :

ਗ਼ਜ਼ਲ ਜਾਂ ਗੀਤ ਨਹੀਂ ਇਹ ਸਿਦਕ ਕੋਈ ਪਾਕ ਹੈ ਬਾਣੀ
ਇਹ ਨਿਰਮਲ ਹੈ ਪਵਿੱਤਰ ਹੈ ਜਿਵੇਂ ਵੇਦਾਂ ਦੀ ਬੇਟੀ ਹੈ।[2]

ਬੜਾ ਬੇਦਰਦ ਹੈ ਸੱਜਣਾ, ਇਹ ਤੇਰੇ ਪਿਆਰ ਦਾ ਮੌਸਮ,
ਤਪਾਉਂਦਾ ਹੈ ਕਦੇ ਮੈਨੂੰ, ਕਦੇ ਹੈ ਠਾਰਦਾ ਮੌਸਮ।
ਜੇ ਮੈਂ ਇੱਕ ਜਿਸਮ ਹਾਂ ਸੱਜਣਾ ਤਾਂ ਤੂੰ ਉਸ ਜਿਸਮ ਦੀ ਹੈਂ ਰੂਹ,
ਮੇਰਾ ਜੱਗ ਤੇ ਹੈ ਵਰਤਾਰਾ, ਤੇਰੇ ਕਿਰਦਾਰ ਦਾ ਮੌਸਮ। [3]

ਪ੍ਰਸਿੱਧ ਸਮੀਖਿਅਕ ਅਮਰਜੀਤ ਚੰਦਨ ਆਪਣੇ ਖੋਜ ਨਿਬੰਧ 'ਢਾਈ ਅੱਖਰ' ਵਿੱਚ ਕਬੀਰ ਜੀ ਦੇ ਹਵਾਲੇ ਨਾਲ ਪ੍ਰੇਮ ਭਾਵਾਂ ਦੀ ਮਹੱਤਤਾ ਨੂੰ ਇਸ ਕਦਰ ਵਿਅਕਤ ਕਰਦਾ ਹੈ। ''ਪ੍ਰੇਮ ਅਨੁਭਵ ਅਤਿਅੰਤ ਨਿੱਜੀ ਹੁੰਦਾ ਹੈ, ਏਨਾ ਨਿੱਜੀ ਕਿ ਇਸਦੀ ਅਭਿਵਿਅਕਤੀ ਸੰਭਵ ਨਹੀਂ ਹੋ ਸਕਦੀ। ਪਹਿਲੀ ਵਾਰ ਕੋਈ ਪ੍ਰੇਮ ਕਵਿਤਾ ਲਿਖਦਿਆਂ ਕਵੀ, ਪ੍ਰੇਮ ਚਿਤ੍ਰ ਵਾਹੁੰਦਿਆਂ ਕੋਈ ਚਿੱਤਰਕਾਰ, ਪ੍ਰੇਮ ਸੁਰ ਅਲਾਪਦਿਆਂ ਰਾਗੀ ਦਾ ਇੱਕ ਵਾਰ ਮੁੜ ਪਿਆਰ ਪੈਣ ਲੱਗਦਾ ਹੈ। ਪਹਿਲਾ ਅੱਖਰ, ਪਹਿਲੀ ਛੂਹ, ਪਹਿਲਾ ਸੁਰ, ਪਹਿਲ ਪ੍ਰਥਮੇ ਜਨਮ ਦੇ ਇਹ ਸਾਰੇ ਪਲ ਮੁੜ ਕਦੇ ਨਹੀਂ ਵਾਪਰਦੇ। ਭੇਤੀ ਪਹਿਲਾਂ ਸ਼ਬਦਾਂ ਨੂੰ ਬੋਲੀ ਨੂੰ ਫਿਰ ਕਲਮ ਤੇ ਕਾਗ਼ਜ਼ ਨੂੰ ਆਪਣਾ ਰਾਜਦਾਰ ਬਣਾਉਂਦਾ ਹੈ। ਪ੍ਰੇਮ ਕਵਿਤਾ ਤੁਰਦਿਆਂ ਸ਼ਬਦ ਧੁਨੀ ਨੇ ਪ੍ਰੇਮੀ ਦੇ ਪਿੰਡੇ ਨੂੰ ਆਭਾ-ਮੰਡਲ ਵਾਂਙ ਵਲਿਆ ਹੁੰਦਾ ਹੈ। ਸ਼ਬਦਾਂ ਨੂੰ ਪਕੜ ਕੇ ਕਾਗਜ਼ ਤੇ ਉਤਾਰਨਾ ਮੀਂਹ ਦੀਆਂ ਕਣੀਆਂ ਬੋਚਣ ਵਰਗਾ ਕਰਮ ਹੁੰਦਾ ਹੈ।''[4]

ਉਪਰੋਕਤ ਟੂਕ ਸਿਦਕ ਕਾਵਿ ਉੱਪਰ ਕਾਫੀ ਹੱਦ ਤੱਕ ਢੁੱਕਦੀ ਨਜ਼ਰ ਆਉਂਦੀ ਹੈ। ਮੁਹੱਬਤੀ ਬੋਲਾਂ ਨਾਲ ਸਰਸ਼ਾਰ ਸਿਦਕ ਦੀ ਗ਼ਜ਼ਲ ਵਿੱਚ ਲੋੜ੍ਹੇ ਦੀ ਮਿਠਾਸ ਅਤੇ ਰਵਾਨੀ ਹੈ। ਸਿਦਕ ਦੀਆਂ ਗ਼ਜ਼ਲਾਂ ਵਿੱਚ ਜੋ ਅਹਿਸਾਸ-ਏ-ਮੁਹੱਬਤ ਦੀ ਤਰਜ਼ਮਾਨੀ ਹੋਈ ਹੈ, ਉਹ ਇਸ ਤੱਥ ਦੀ ਗਵਾਹ ਹੈ ਕਿ ਧਰਤੀ ਉੱਪਰ ਮੁਹੱਬਤ ਹੀ ਉਹ ਜ਼ਜ਼ਬਾ ਹੈ, ਜਿਸ ਵਿੱਚ ਕਿਸੇ ਪ੍ਰਕਾਰ ਦੀ ਖੋਟ-ਮੱਠ ਇਸ ਦੀ ਤੀਬਰਤਾ ਨੂੰ ਭੰਗ ਕਰ ਦਿੰਦੀ ਹੈ।

ਹੁੱਬ ਤੇਰੀ ਹਬੀਬ ਹੋਵਾਂਗੀ,
ਮੈਂ ਹੀ ਤੇਰਾ ਨਸੀਬ ਹੋਵਾਂਗੀ।
ਪ੍ਰੀਤ ਮੇਰੀ 'ਚ ਅਮਰਤਾ ਐਸੀ,
ਈਸਾ ਤੂੰ, ਮੈਂ ਸਲੀਬ ਹੋਵਾਂਗੀ।[5]

ਕਦੇ ਲਗਦਾ ਨਦੀ ਹਾਂ ਮੈਂ, ਕਦੀ ਮੈਂ ਪਿਆਸ ਲੱਗਦੀ ਹਾਂ।
ਮੈਂ ਚੰਨ ਦੀ ਰਿਸ਼ਮ ਹਾਂ ਤੇ ਸੂਰਜ ਦੇ ਵਾਂਗ ਮੱਘਦੀ ਹਾਂ।[6]

'ਪ੍ਰਕਿਰਤੀ' ਅਤੇ 'ਧੀ' ਇਸ ਧਰਤੀ ਦੇ ਦੋ ਮਹੱਤਵਪੂਰਨ ਉਸਾਰ ਬਿੰਦੂ ਹਨ। ਅਸਾਡੀ ਜਾਚੇ ਮੱਧਕਾਲੀ ਮਾਨਸਿਕਤਾ ਤੋਂ ਹਾਲੇ ਅਸੀਂ ਪੂਰੀ ਤਰ੍ਹਾਂ ਮੁਕਤ ਨਹੀਂ ਹੋਏ। ਤਥਾ-ਕਥਿਤ ਆਧੁਨਿਕਤਾ ਦੀ ਪਰਿਭਾਸ਼ਾ ਖਾਣ-ਪੀਣ, ਪਹਿਨਣ ਤੱਕ ਮਹਿਦੂਦ ਹੋ ਚੁੱਕੀ ਹੈ, ਪਰ ਸਮੇਂ ਦੀ ਮੁੱਖ ਲੋੜ ਨਸਲਾਂ ਦੀ ਰਹਿਨੁਮਾਈ ਤੇ ਧੀਆਂ ਦੀ ਸਲਾਮਤੀ ਹੈ। ਪਦਾਰਥਕਤਾ ਦੀ ਜਕੜਬੰਦੀ ਨੇ ਮਨੁੱਖ ਦਾ ਧਿਆਨ ਗੰਭੀਰ ਮੁੱਦਿਆਂ ਵੱਲੋਂ ਭਟਕਾ ਦਿੱਤਾ ਹੈ। ਸਿਦਕ ਬੜੇ ਦ੍ਰਿੜ ਇਰਾਦੇ ਨਾਲ ਦਾਅਵਾ ਕਰਦੀ ਹੈ ਕਿ ਕੇਵਲ ਗਿਆਨ ਦੀ ਰੋਸ਼ਨੀ ਸਾਡੀ ਸਮਝ ਦਾ ਘੇਰਾ ਵਸੀਹ ਕਰ ਸਕਦੀ ਹੈ। ਕੁੱਖਾਂ ਵਿੱਚ ਮਾਰੀਆਂ ਜਾ ਰਹੀਆਂ ਧੀਆਂ ਦੇ ਹੱਕ ਵਿੱਚ ਸਿਦਕ ਹਾਅ ਦਾ ਨਾਹਰਾ ਮਾਰਦੀ ਹੈ:

ਨਸ਼ੇ ਦੇ ਵਿੱਚ ਗ਼ਰਕ ਹੋ ਚੱਲੇ ਨੇ ਕੁਝ ਤਾਂ ਸੋਚੀਏ,
ਆਓ ਕੁੱਖ ਵਿੱਚ ਸਹਿਕਦੀ ਧੀ ਨੂੰ ਬਚਾਈਏ ਲੋੜ ਹੈ।[7]

ਐ ਖੁਦਾ ਪੱਥਰ ਦਿਲਾਂ ਨੂੰ ਕੁਝ ਤਾਂ ਬੁੱਧੀ ਬਖ਼ਸ਼ ਦੇ,
ਕਦ ਕੁ ਤੀਕਰ ਧੀਆਂ ਕੁੱਖਾਂ ਵਿੱਚ ਮਿਟਾਇਆ ਕਰਨਗੇ।[8]

ਪ੍ਰੀਤ ਕਥਾ ਦੇ ਨਾਇਕ ਮਿਰਜ਼ਾ-ਸਾਹਿਬਾਂ ਨੂੰ ਧਰਤੀ ਅਤੇ ਦਰਿਆ ਦੇ ਰੂਪਕ ਵਜੋਂ ਵਰਤਣਾ, 'ਰੂਹ ਦੀ ਗਾਨੀ' ਗ਼ਜ਼ਲ ਸੰਗ੍ਰਹਿ ਦਾ ਇੱਕ ਹੋਰ ਪਹਿਲੂ ਹੈ। ਜੋ ਸਿਦਕ ਦੀ ਕਾਵਿ-ਸਿਆਣਪ/ਕੌਸ਼ਲਤਾ ਦੇ ਪ੍ਰਮਾਣ ਵਜੋਂ ਉੱਭਰਦਾ ਹੈ:

ਧਰਤੀ ਸਾਹਿਬਾਂ ਖਾਤਿਰ ਹੁੰਦੇ, ਮਿਰਜ਼ਾ-ਦਿਲ ਦਰਿਆਵਾਂ ਦੇ,
ਇਹ ਤੁਰਦੇ ਤਾਂ ਰਸਤੇ ਬਣਦੇ, ਨਹੀਂ ਮੁਹਤਾਜ ਇਹ ਰਾਹਵਾਂ ਦੇ।[9]

ਆਪਣੀ ਮਾਤ-ਭੂਮੀ ਨਾਲੋਂ ਟੁੱਟਣ ਦਾ ਹੇਰਵਾ ਵੀ 'ਰੂਹ ਦੀ ਗਾਨੀ' ਸੰਗ੍ਰਹਿ ਅੰਦਰ ਪ੍ਰਗਟ ਹੁੰਦਾ ਹੈ। ਆਰਥਕ ਤੌਰ 'ਤੇ ਸਾਧਨ-ਸੰਪੰਨ ਹੋਣ ਦੇ ਬਾਵਜੂਦ ਮਿੱਟੀ ਦਾ ਮੋਹ ਜ਼ਿਹਨ ਵਿੱਚ ਵੱਸਿਆ ਹੋਇਆ ਹੈ:

ਸਿਦਕ ਇਹ ਕੋਠੀਆਂ ਕਾਰਾਂ ਤੇ ਕੀ ਇਹ ਸੋਨੇ ਦੇ ਡਾਲਰ,
ਗੁਆਚਾ ਵਤਨ ਹੈ ਜੇਕਰ ਮੁਕੱਦਰ ਜਿੱਤਿਆ ਤਾਂ ਕੀ।[10]

ਸਭਿਆਚਾਰਕ ਵਿਗਾੜ ਕਾਰਣ ਰਿਸ਼ਤਾ ਪ੍ਰਬੰਧ ਮਨਫ਼ੀ ਹੁੰਦਾ ਜਾ ਰਿਹਾ ਹੈ, ਜਿਸ ਦਾ ਮੁੱਖ ਕਾਰਣ ਵਪਾਰਕ/ਪਦਾਰਥਕ ਸੋਚ ਦੀ ਮਾਰ ਹੈ। ਰਾਤੋਂ-ਰਾਤ ਅਮੀਰ ਹੋਣ ਦਾ ਖੁਮਾਰ ਮਨੁੱਖ ਨੂੰ ਨੈਤਿਕਤਾਹੀਣ ਕਾਰਜ਼ਾਂ ਵੱਲ ਧੱਕ ਰਿਹਾ ਹੈ। ਭੈਣ-ਭਰਾ ਦਾ ਪਵਿੱਤਰ ਰਿਸ਼ਤਾ ਵੀ ਇਸ ਦੀ ਚਪੇਟ ਵਿੱਚ ਆ ਚੁੱਕਾ ਹੈ। ਬਜ਼ੁਰਗ ਜੋ ਕਿਸੇ ਕੌਮ, ਸਮਾਜ-ਸਭਿਆਚਾਰ, ਦਾ ਅਣ-ਮੁੱਲਾ ਸਰਮਾਇਆ ਮੰਨੇ ਜਾਂਦੇ ਸਨ, ਘਰ ਵਿੱਚ ਪਈਆਂ ਬੇਲੋੜੀਆਂ ਵਸਤਾਂ ਸਮਾਨ ਸਮਝੇ ਜਾਣ ਲੱਗੇ ਹਨ। ਬਜ਼ੁਰਗਾਂ ਦੀ ਇਹ ਤਰਸਯੋਗ ਸਥਿਤੀ ਸਾਨੂੰ ਝੰਜੋੜਦੀ ਹੈ, ਆਲੀਸ਼ਾਨ ਮਕਾਨਾਂ ਦੇ ਬਾਵਜੂਦ ਉਹ ਬਿਰਧ ਆਸ਼ਰਮਾਂ ਵਿੱਚ ਜੀਵਨ ਬਤੀਤ ਕਰਨ ਲਈ ਕਿਉਂ ਮਜ਼ਬੂਰ ਹਨ।

ਅਜ਼ਨਬੀ ਹੋਏ ਆਪਣੇ ਧੀਆਂ ਪੁੱਤਰ ਸਾਕ,
ਬਿਰਧਾਂ ਨੂੰ ਕੀ ਪੁੱਛਣਾ ਡਾਲਰ ਹੋਏ ਪੀਰ।[11]

ਭਾਰਤ ਵਰਗੇ ਬਹੁ-ਭਾਂਤਵਾਦੀ ਮੁਲਕ ਅੰਦਰ ਜੋ ਅਸਹਿਣਸ਼ੀਲਤਾ ਦਾ ਬੋਲਬਾਲਾ ਹੈ, ਇਹ ਸਿਦਕ ਵਰਗੀ ਸ਼ਾਇਰਾ ਨੂੰ ਮਾਨਸਿਕ ਪ੍ਰੇਸ਼ਾਨੀ ਦਾ ਸਬੱਬ ਬਣਦਾ ਹੈ। ਆਪਣੀ ਪਿੱਤਰੀ ਭੂਮੀ ਉੱਪਰ ਇਹ ਵਰਤਾਰਾ ਸ਼ੁਭ-ਸ਼ਗਨ ਦੀ ਨਿਸ਼ਾਨੀ ਨਹੀਂ। ਧਾਰਮਿਕ ਸਥਾਨਾਂ ਦੀ ਸ਼ਾਨ ਤਾਂ ਹੀ ਕਇਮ ਰਹਿ ਸਕਦੀ ਹੈ ਜੇ ਮਨੁੱਖੀ ਮਰਿਆਦਾ ਅਤੇ ਸਾਂਝੀਵਾਲਤਾ ਦੇ ਸੰਖ ਵੱਜਣ:

ਮਸਜ਼ਿਦਾਂ ਵਿੱਚ ਰਾਮ ਦੀ ਜੇ ਪੂਜਾ ਚਾਹੁੰਦੇ ਹਾਂ ਅਸੀਂ,
ਮੰਦਰਾਂ ਵਿੱਚ ਵੀ ਅਸੀਂ ਅੱਲਾ ਸਜਾਈਏ ਲੋੜ ਹੈ।[12]

ਚਮਨ ਵਿੱਚ ਪਰਤੇਗੀ ਰੌਣਕ ਹਰ ਕਲੀ ਖਿੜ ਜਾਏਗੀ,
ਬੱਚੇ ਇਸ ਬਸਤੀ ਦੇ ਜਦ ਵੀ ਮੁਸਕਰਾਇਆ ਕਰਨਗੇ।[13]

ਕਿਸੇ ਵੀ ਮੁਲਕ ਦਾ ਭਵਿੱਖ ਨੌਜਵਾਨਾਂ ਦੇ ਹੱਥਾਂ ਵਿੱਚ ਸੁਰੱਖਿਅਤ ਹੁੰਦਾ ਹੈ। ਪੰਜਾਬ ਦੀ ਧਰਤੀ ਨੂੰ ਤਾਂ ਜਾਪਦਾ ਹੈ ਕਿਸੇ ਦੀ ਭੈੜੀ ਨਜ਼ਰ ਲੱਗ ਗਈ ਹੋਵੇ। ਅੰਨ-ਦਾਤੇ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ ਅਤੇ ਜਵਾਨੀ ਨਸ਼ਿਆਂ ਦੇ।ਸਿਦਕ ਚਿੰਤਨੀ ਮੁਦਰਾ ਵਿੱਚ ਇਸ ਹੋਣੀ ਦਾ ਪ੍ਰਗਟਾਵਾ ਕਰਦੀ ਹੈ ਕਿ ਕੇਵਲ ਵਿੱਦਿਆ ਦੇ ਦੀਪ ਹੀ ਭਰਮਾਂ ਤੇ ਨਿਰਾਸ਼ਾ ਦੀ ਕਾਲੀ ਰਾਤ ਨੂੰ ਮਾਤ ਪਾ ਸਕਦੇ ਹਨ।

ਇਸ ਤਰ੍ਹਾਂ ਮੁੱਕਣੀ ਨਹੀਂ ਇਹ ਭਰਮਾਂ ਦੀ ਕਾਲੀ ਰਾਤ ਇਹ,
ਵਿੱਦਿਆ ਦੇ ਦੀਪ ਘਰ-ਘਰ ਵਿੱਚ ਜਗਾਈਏ ਲੋੜ ਹੈ
ਪੁੱਤ ਨਸ਼ੇ ਵਿਚ, ਗਰਕ ਹੋ ਚੱਲੇ, ਕੁਝ ਤਾਂ ਸੋਚੀਏ,
ਆਓ ਕੁਖ ਵਿੱਚ ਸਹਿਕਦੀ, ਧੀ ਨੂੰ ਬਚਾਈਏ, ਲੋੜ ਹੈ।[14]

ਸਿਦਕ ਦੀ ਸ਼ਇਰੀ ਉਸ ਦੇ ਦਿਲ ਵਿੱਚੋਂ ਫੁੱਟਦੀ ਹੈ ਅਤੇ ਦਿਲਾਂ ਵਿੱਚ ਉਤਰਨ ਦੀ ਸਮਰਥਾ ਰੱਖਦੀ ਹੈ। ਉਸ ਦੀ ਸ਼ਾਇਰੀ ਦੀ ਸ਼ਕਤੀ ਤੇ ਖੂਬਸੂਰਤੀ ਇਸ ਗੱਲ ਵਿੱਚ ਹੈ ਕਿ ਉਹ ਅਹਿਸਾਸਾਂ ਨੂੰ ਉਹਨਾਂ ਦੀ ਵੱਖਰਤਾ ਅਤੇ ਮੌਲਿਕਤਾ ਵਿੱਚ ਰੂਪਮਾਨ ਕਰਦੀ ਹੈ। ਰੋਜ਼ੀ ਰੋਟੀ ਤਲਾਸ਼ ਵਿੱਚ ਪ੍ਰਦੇਸੀ ਗਏ ਹਮਸਫ਼ਰ ਦੀ ਗੈਰ ਮੌਜੂਦਗੀ ਵਿੱਚਲੀ ਬਿਰਹਾ ਦਾ ਪ੍ਰਗਟਾਵਾ ਬੜੀ ਸ਼ਿੱਦਤ ਨਾਲ ਕਰਦੀ ਹੈ:

ਪਰਦੇਸੀ ਹੋ ਕੇ ਨੀਂਦਾਂ ਨੈਣਾਂ ’ਚੋਂ ਲੈ ਗਿਆ ਜੋ,
ਪੌਣਾਂ ਦੇ ਹੱਥ ਵੀ ਉਹਦੀ ਨਾ ਖ਼ਬਰਸਾਰ ਆਈ।[15]

ਸਿਦਕ ਦੀ ਸ਼ਾਇਰੀ ਇੱਕ ਸੁਚੇਤ ਅਤੇ ਅਹਿਸਾਸਾਂ ਭਰੇ ਕਵੀ ਮਨ ਦੀ ਸ਼ਾਇਰੀ ਹੈ। ਜਿਸ ਵਿੱਚ ਦਿਲ ਅਤੇ ਦੁਨੀਆਂ ਦੀਆਂ ਘਟਨਾਵਾਂ ਤਰੰਗਾਂ ਤਬਦੀਲੀਆਂ ਦੀ ਹਰ ਆਹਟ ਸੁਣਾਈ ਦਿੰਦੀ ਹੈ। ਜੋ ਆਪਣੀ ਸੂਖਮਤਾ ਕਾਰਨ ਬੜੀ ਦਿਲ ਟੁੰਭਵੀਂ ਹੈ। ਸ਼ਾਇਰਾਂ ਦੀਆਂ ਗ਼ਜ਼ਲਾਂ ਵਿੱਚ ਪਰੰਪਰਾਗਤ ਰਹੁ-ਰੀਤਾਂ ਦੇ ਨਾਲ-ਨਾਲ ਸਮਕਾਲੀ ਵਿਸ਼ਿਆਂ ਦੀ ਭਰਮਾਰ ਹੈ। ਇਹ ਵਿਸ਼ੇ ਨਵੀਆਂ ਬੰਦਿਸ਼ਾਂ ਵਿੱਚ ਰਚ-ਮਿਚ ਕੇ ਉਜਾਗਰ ਹੁੰਦੇ ਹਨ। ਸਿਦਕ ਦੀ ਇਹ ਕਲਾ-ਕੌਸ਼ਲਤਾ ਦਾ ਕਮਾਲ ਕਿਹਾ ਜਾ ਸਕਦਾ ਹੈ ਕਿ ਉਹ ਕਈ ਵਾਰੀਂ ਪੁਰਾਣੇ ਖਿਆਲਾਂ ਨੂੰ ਵੀ ਨਵੀਂ ਸ਼ਬਦਾਵਲੀ ਦੀ ਗੇਂਦ ਨਾਲ ਨਵੀਨ ਮੁਹਾਂਦਰਾ ਪ੍ਰਦਾਨ ਕਰਦੀ ਹੈ। ਸ਼ਿਅਰਾਂ ਦੀ ਚੁਸਤੀ ਸਿਦਕ ਦੀ ਗ਼ਜ਼ਲ ਦਾ ਹਾਸਲ ਹੈ। ਅਨੇਕਾਂ ਐਸੇ ਵਰਣਨਯੋਗ ਸ਼ਿਅਰ ਹਨ ਜੋ ਸੁਲਫੇ ਦੀ ਲਾਟ ਵਾਂਗ ਸਾਖਿਆਤ ਪਾਠਕ ਦੇ ਜ਼ਿਹਨ ਵਿੱਚ ਪ੍ਰਕਾਸ਼ਮਾਨ ਹੋ ਜਾਂਦੇ ਹਨ:

ਤੂੰ ਲਿਖ ਗ਼ਜ਼ਲਾਂ ਤੇ ਕਵਿਤਾਵਾਂ ਤੇ ਜਾਂ ਗਾ ਦਰਦਾਂ ਭਰੇ ਨਗਮੇਂ,
ਜਦੋਂ ਖਤ ਤੂੰ ਪ੍ਰੇਮ ਦਾ ਦਿਲ ਤੇ ਲਿਖਿਆ, ਪਰਤ ਆਵਾਂਗੀ।[16]

ਵੈਸੇ ਤਾਂ ਹਰ ਕਵੀ ਮਨ ਸੰਵੇਦਨਸ਼ੀਲ ਹੁੰਦਾ ਹੈ। ਪਰ ਸਿਦਕ ਦੀਆਂ ਗ਼ਜ਼ਲਾਂ ਵਿੱਚ ਅਹਿਸਾਸ-ਏ-ਪ੍ਰੇਮ ਜਿਸ ਅੰਦਾਜ਼ ਵਿੱਚ ਬਿਆਨਿਆ ਗਿਆ ਹੈ, ਇਹ ਉਸ ਦੀ ਮਹੱਤਵਪੂਰਣ ਪ੍ਰਾਪਤੀ ਹੈ:

ਸਾਹ ਮੇਰੇ ਹਨ ਮਹਿਕ ਜਾਂਦੇ, ਤੇਰੀ ਜਦ ਆਉਂਦੀ ਹੈ ਯਾਦ,
ਧਰਤ 'ਚੋਂ ਚਸ਼ਮਾ ਹੈ ਫੁੱਟਦਾ, ਨੂਰ ਅਰਸ਼ਾਂ ਤੋਂ ਝਰੇ।[17]

ਪੰਜਾਬੀ ਗ਼ਜ਼ਲ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਦੀ ਸਿਦਕ ਸੰਬੰਧੀ ਟਿੱਪਣੀ ਹੈ, ''ਸਾਡੇ ਸਮਿਆਂ ਦੀ ਹਵਾ ਵਿੱਚ ਖੌਫ਼, ਲਾਲਚ, ਆਪੋ-ਧਾਪੀ ਅਤੇ ਬੌਧਿਕ ਗੰਧਲਾਪਨ ਪਸਰਿਆ ਹੋਇਆ ਹੈ। ਇਹੋ ਜਿਹੇ ਸਮਿਆਂ ਵਿੱਚ ਇਹੋ ਜਿਹੀ ਹੌਸਲੇ, ਆਸ ਤੇ ਪ੍ਰੇਰਣਾ ਭਰੀ ਆਵਾਜ਼ ਸੁਣ ਕੇ ਬਹੁਤ ਚੰਗਾ ਲੱਗਾ। ਖਾਸ ਕਰਕੇ ਜਦੋਂ ਇਹ ਆਵਾਜ਼ ਇੱਕ ਨਾਰੀ ਦੀ ਹੋਵੇ ਤਾਂ ਇਸ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ।''[18]

ਸਿਦਕ ਦੀ ਸ਼ਾਇਰੀ ਅਹਿਸਾਸਾਂ ਭਰੇ ਇਨਸਾਨ ਦੀ ਸ਼ਾਇਰੀ ਹੈ। ਜਿਸ ਵਿੱਚ ਦਿਲ ਅਤੇ ਦੁਨੀਆਂ ਦੀਆਂ ਘਟਨਾਵਾਂ ਤਰੰਗਾਂ, ਤਬਦੀਲੀਆਂ ਦੀ ਹਰ ਆਹਟ ਬਾਖੂਬੀ ਸੁਣਾਈ ਦਿੰਦੀ ਹੈ। ਇਸ ਉੱਪਰ ਸੰਗੀਤਕ ਰਵਾਨੀ ਉਸ ਦੀ ਸ਼ਾਇਰੀ ਇਸ ਪ੍ਰਕਾਰ ਸੁੰਦਰਤਾ ਤੇ ਊਰਜਾ ਬਖ਼ਸ਼ਦੀ ਹੈ ਕਿ ਸੋਨੇ ਤੇ ਸੁਹਾਗੇ ਵਰਗਾ ਕਾਰਜ ਹੋ ਨਿਬੜਦੀ ਹੈ। ਕਦੀ ਕਦੀ ਲੋਕ ਗੀਤਾਂ ਵਰਗਾ ਅਹਿਸਾਸ ਸਿਦਕ ਦੇ ਕਾਵਿ ਨੂੰ ਹਰਮਨ ਪਿਆਰਾ ਬਣਾਉਂਦਾ ਹੈ।

ਸੱਸੀ ਬਣਾ ਤਾਂ ਥਲ ਤਪਦੇ ਨੇ ਸੋਹਣੀ ਬਣਾ ਝਨਾਂ ਚੜ੍ਹ ਆਉਂਦਾ।
ਖੇੜਿਆਂ ਦਾ ਘਰ ਅੱਗ ਨਿਰੀ ਹੈ ਬਣ ਕੇ ਰਾਂਝਾ ਆ ਵੇ ਜੋਗੀ।[19]

### *ਹਵਾਲੇ ਅਤੇ ਟਿੱਪਣੀਆਂ*


1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਜਵੀਂ ਵਾਰ 1990, ਪੰਨਾ ਨੰ. 392
2. ਸੁਰਿੰਦਰ ਸਿਦਕ, ਰੂਹ ਦੀ ਗਾਨੀ, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮੀਟਿਡ, ਐਸ.ਏ.ਐਸ. ਨਗਰ-ਚੰਡੀਗੜ੍ਹ 2018, ਪੰਨਾ ਨੰ. 7
3. ਉਹੀ, ਪੰਨਾ ਨੰ. 8
4. ਅਮਰਜੀਤ ਚੰਦਨ, ਢਾਈ ਅੱਖਰ ਪ੍ਰੇਮ ਦੇ, ਮੈਗਜ਼ੀਨ ਸੈਕਸ਼ਨ, ਪੰਜਾਬੀ ਟ੍ਰਿਬਿਊਨ ਐਤਵਾਰ, 25-04-19
5. ਸੁਰਿੰਦਰ ਸਿਦਕ, ਰੂਹ ਦੀ ਗਾਨੀ, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮੀਟਿਡ, ਐਸ.ਏ.ਐਸ. ਨਗਰ-ਚੰਡੀਗੜ੍ਹ 2018, ਪੰਨਾ ਨੰ. 26
6. ਉਹੀ, ਪੰਨਾ ਨੰ 9
7. ਉਹੀ, ਪੰਨਾ ਨੰ 3
8. ਉਹੀ, ਪੰਨਾ ਨੰ 4
9. ਉਹੀ,ਪੰਨਾ ਨੰ 61
10. ਉਹੀ, ਪੰਨਾ ਨੰ 39
11. ਉਹੀ, ਪੰਨਾ ਨੰ 22
12. ਉਹੀ, ਪੰਨਾ ਨੰ 3

13. ਉਹੀ, ਪੰਨਾ ਨੰ 4

14. ਉਹੀ, ਪੰਨਾ ਨੰ 3

15. ਉਹੀ, ਪੰਨਾ ਨੰ 3

16. ਉਹੀ, ਪੰਨਾ ਨੰ 43

17. ਉਹੀ, ਪੰਨਾ ਨੰ 48

18. ਸੁਰਜੀਤ ਪਾਤਰ, ਸਰਵਰਕ ਟਿੱਪਣੀ, ਸੁਰਿੰਦਰ ਸਿਦਕ, ਰੂਹ ਦੀ ਗਾਨੀ, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮੀਟਿਡ, ਐਸ.ਏ.ਐਸ. ਨਗਰ-ਚੰਡੀਗੜ੍ਹ 2018

19. ਸੁਰਿੰਦਰ ਸਿਦਕ, ਰੂਹ ਦੀ ਗਾਨੀ, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮੀਟਿਡ ਐਸ.ਏ.ਐਸ. ਨਗਰ-ਚੰਡੀਗੜ੍ਹ 2018, ਪੰਨਾ ਨੰ 7